ਐਲ ਕੈਪੀਟਾਨ ਮਿਡਲ ਸਕੂਲ

# ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
# ਦੂਜੀ ਤਿਮਾਹੀ ਦੇ ਮਿੰਟ

## 3/12/2026
ਮੀਟਿੰਗ ਦੀ ਮਿਤੀ

**ELAC ਮੈਂਬਰਾਂ ਦੀ ਕੁੱਲ ਸੰਖਿਆ:**

3______ ਅੰਗਰੇਜ਼ੀ ਸਿੱਖਣ ਵਾਲਿਆਂ ਦੇ ELAC ਮਾਪੇ/ਸਰਪ੍ਰਸਤ

_______ ਹੋਰ ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਜੋ ELAC ਕਮੇਟੀ ਦੇ ਮੈਂਬਰ ਵੀ ਹਨ

3______ ਸਕੂਲ ਦਾ ਸਟਾਫ

ਇਸ ਮੀਟਿੰਗ ਲਈ **ELAC** ਹਾਜ਼ਰੀ ਵਿੱਚ ਸ਼ਾਮਲ ਹਨ:

3______ ELAC ਅੰਗਰੇਜ਼ੀ ਸਿੱਖਣ ਵਾਲਿਆਂ ਦੇ ਮਾਪੇ/ਸਰਪ੍ਰਸਤ

_______ ਹੋਰ ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਜੋ ELAC ਕਮੇਟੀ ਦੇ ਮੈਂਬਰ ਵੀ ਹਨ

3______ ਸਕੂਲ ਦਾ ਸਟਾਫ

ਕਾਰੋਬਾਰ ਚਲਾਉਣ ਲਈ ਮੈਂਬਰਾਂ ਦਾ ਕੋਰਮ ਮੌਜੂਦ ਹੋਣਾ ਲਾਜ਼ਮੀ ਹੈ। ਹਾਜ਼ਰੀ ਵਿੱਚ ਕਮੇਟੀ ਮੈਂਬਰਾਂ ਦੀ ਗਿਣਤੀ _6_ ਹੈ।

☑ ਕੋਰਮ ਸਥਾਪਿਤ ਕੀਤਾ ਗਿਆ

ਕੋਰਮ ਸਥਾਪਿਤ ਨਹੀਂ ਕੀਤਾ ਗਿਆ

| ਹੱਲ ਕੀਤਾ ਗਿਆ ਵਿਸ਼ਾ ✓ (ਪੂਰਾ) | ਕਾਨੂੰਨੀ ਲੋੜ/ਸਿਖਲਾਈ ਵਿਸ਼ੇ (ਸਾਲ ਦੇ ਅੰਤ ਤੱਕ, ਸਾਰੇ ਵਿਸ਼ਿਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ) |
|---|---|
| ☑ | ਅੰਗਰੇਜ਼ੀ ਸਿਖਿਆਰਥੀਆਂ ਲਈ ਇੱਕ ਸਾਈਟ ਪਲਾਨ ਦੇ ਵਿਕਾਸ ਵਿੱਚ ਪ੍ਰਿੰਸੀਪਲ ਅਤੇ ਸਟਾਫ ਨੂੰ ਸਲਾਹ ਦੇਣਾ ਅਤੇ ਵਿਦਿਆਰਥੀ ਪ੍ਰਾਪਤੀ ਲਈ ਸਕੂਲ ਯੋਜਨਾ ਵਿੱਚ ਸ਼ਾਮਲ ਕਰਨ ਲਈ ਵਿਚਾਰ ਲਈ ਯੋਜਨਾ ਨੂੰ ਸਕੂਲ ਸਾਈਟ ਕੌਂਸਲ ਨੂੰ ਜਮ੍ਹਾਂ ਕਰਨਾ। |
| ☑ | ਸਕੂਲ-ਵਿਆਪੀ ਲੋੜਾਂ ਦੇ ਮੁਲਾਂਕਣ ਦੇ ਵਿਕਾਸ ਵਿੱਚ ਸਹਾਇਤਾ ਕਰਨਾ। |
| ☑ | ਮਾਪਿਆਂ ਨੂੰ ਨਿਯਮਤ ਸਕੂਲ ਹਾਜ਼ਰੀ ਦੀ ਮਹੱਤਤਾ ਬਾਰੇ ਦੱਸਣ ਦੇ ਤਰੀਕੇ। |
| ☑ | ਹਰੇਕ ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ (ELAC) ਕੋਲ ਡਿਸਟ੍ਰਿਕਟ ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ (DELAC) ਲਈ ਘੱਟੋ-ਘੱਟ ਇੱਕ ਮੈਂਬਰ ਚੁਣਨ ਦਾ ਮੌਕਾ ਹੋਵੇਗਾ। |
| ☑ | ਪ੍ਰਿੰਸੀਪਲ ਅਤੇ ਸਟਾਫ ਨੂੰ ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ ਮਾਸਟਰ ਪਲਾਨ, ਪੁਨਰ ਵਰਗੀਕਰਨ ਮਾਪਦੰਡ, ਸਾਈਟ 'ਤੇ ELAC ਪ੍ਰੋਗਰਾਮ ਉਪ-ਨਿਯਮਾਂ, ਮਾਪਿਆਂ ਦੀ ਸ਼ਮੂਲੀਅਤ ਨੀਤੀ, ਸਕੂਲ ਅਤੇ ਘਰ ਵਿਚਕਾਰ ਇਕਰਾਰਨਾਮਾ, ਵਿਦਿਆਰਥੀ ਪ੍ਰਾਪਤੀ ਲਈ ਸਕੂਲ ਯੋਜਨਾ, ਅਤੇ ਸਥਾਨਕ ਜਵਾਬਦੇਹੀ ਯੋਜਨਾ ਬਾਰੇ ਸਲਾਹ ਦੇਣਾ। |
| ☑ | ELAC ਦੀ ਸਿਖਲਾਈ ਅਤੇ ਸਿਖਲਾਈ ਸਮੱਗਰੀ, ਜੋ ਕਿ ਕਮੇਟੀ ਮੈਂਬਰਾਂ ਨਾਲ ਪੂਰੀ ਸਲਾਹ-ਮਸ਼ਵਰੇ ਨਾਲ ਯੋਜਨਾਬੱਧ ਕੀਤੀ ਗਈ ਹੈ, ਮੈਂਬਰਾਂ ਨੂੰ ਉਨ੍ਹਾਂ ਦੀਆਂ ਕਾਨੂੰਨੀ ਸਲਾਹਕਾਰੀ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਢੁਕਵੀਂ ਹੈ। |
| ☑ | ਵਿਲੀਅਮ ਦੀਆਂ ਲੋੜਾਂ ਸਮੇਤ, ਰੌਬਰਟਸ ਰੂਲਜ਼, ਬ੍ਰਾਊਨ ਅਤੇ ਗ੍ਰੀਨ ਐਕਟ, ਅਤੇ ਡਿਸਟ੍ਰਿਕਟ ਦੀਆਂ ਯੂਨੀਫ਼ਾਰਮ ਸ਼ਿਕਾਇਤ ਪ੍ਰਕਿਰਿਆਵਾਂ ਬਾਰੇ ਸਿਖਲਾਈ ਪ੍ਰਦਾਨ ਕਰਨਾ। |
| ☑ | EL ਮੁਲਾਂਕਣ ਡੇਟਾ 'ਤੇ ਪ੍ਰਿੰਸੀਪਲਾਂ ਅਤੇ ਸਟਾਫ ਨੂੰ ਸਲਾਹ ਦੇਣਾ |

ਇਹ ਪਹਿਲਾ ਪੰਨਾ ਮਿੰਟਾਂ ਲਈ ਕਵਰ ਪੇਜ ਹੈ। ਨੋਟ: ਸਾਰੀਆਂ ਵੰਡੀਆਂ ਗਈਆਂ ਸਮੱਗਰੀਆਂ ਦੀਆਂ ਕਾਪੀਆਂ ਸਕੱਤਰ ਦੇ ਅਧਿਕਾਰਤ ਮਿੰਟਾਂ ਨਾਲ ਨੱਥੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹਨਾਂ ਮਿੰਟਾਂ ਨੂੰ ਤਿੰਨ **(3)** ਸਾਲਾਂ ਲਈ ਸੰਭਾਲਿਆ ਜਾਣਾ ਚਾਹੀਦਾ ਹੈ।)

ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
ਦੂਜੀ ਤਿਮਾਹੀ ਦੇ ਮਿੰਟ

3/12/2026
ਮੀਟਿੰਗ ਦੀ ਮਿਤੀ

1. **ਮੀਟਿੰਗ ਨੂੰ ਸ਼ੁਰੂ ਕਰਨ ਲਈ ਕਹਿਣਾ:**

-ਇਹ ਮੀਟਿੰਗ ਮੈਰੀ ਵੈਂਗ ਦੁਆਰਾ ਸ਼ਾਮ 5:02 ਵਜੇ ਬੁਲਾਈ ਗਈ ਸੀ।

2. ਹਾਜ਼ਰੀ **-** ਕੋਰਮ ਸਥਾਪਤ ਕਰਨਾ **-** ਮੌਜੂਦ **EL** ਕਮੇਟੀ ਮੈਂਬਰਾਂ ਦੀ ਸੂਚੀ

ਹੀਥਰ ਮਾਰਟੀਨੇਜ਼, ਖੁਸ਼ਮੀਨ ਧੋਥਰ, ਮੈਰੀ ਵਾਂਗ, ਅਤੇ ਗੈਬਰੀਏਲਾ ਸੇਕੁੰਡੀਨੇ ਮੌਜੂਦ ਹਨ।

ਸ਼੍ਰੀ ਬੰਗੜ ਸ਼ਾਮ 5:03 ਵਜੇ ਪਹੁੰਚੇ

ਸ਼੍ਰੀਮਤੀ ਚੋਪੜਾ ਸ਼ਾਮ 5:06 ਵਜੇ ਪਹੁੰਚੇ

3. ਮੀਟਿੰਗ ਦੇ ਏਜੰਡੇ ਵਿੱਚ ਬਦਲਾਅ/ਵਾਧਾ: (ਜੇਕਰ ਕੋਈ ਨਹੀਂ ਹੈ, ਤਾਂ ਕਿਰਪਾ ਕਰਕੇ ਹੇਠ ਲਿਖਿਆਂ ਨੂੰ ਦੱਸੋ: ਕੋਈ ਬਦਲਾਅ ਨਹੀਂ ਕੀਤੇ ਗਏ।)

ਨਵੇਂ ਕਾਰੋਬਾਰ ਅਧੀਨ ਆਈਟਮ ਸੀ ਲਾਗੂ ਨਹੀਂ ਹੁੰਦੀ (ਅਸੀਂ ਸੁਧਾਰ ਸਕੂਲ ਨਹੀਂ ਹਾਂ)

ਸ਼੍ਰੀਮਤੀ ਮਾਰਟੀਨੇਜ਼ ਨੇ ਏਜੰਡਾ ਆਈਟਮ C ਨੂੰ ਬਦਲਣ ਦਾ ਪ੍ਰਸਤਾਵ ਦਿੱਤਾ, ਸ਼੍ਰੀਮਤੀ ਧੋਥਰ ਨੇ ਪ੍ਰਸਤਾਵ ਨੂੰ ਸਵੀਕਾਰ ਕੀਤਾ।

ਸਾਰੇ ਮੈਂਬਰ ਹੱਕ ਵਿੱਚ 5:05 ਵਜੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ।

4. ਸਕੱਤਰ ਦੀ ਰਿਪੋਰਟ/ਸਮੀਖਿਆ ਮਿੰਟ:

ਹੀਥਰ ਮਾਰਟੀਨੇਜ਼ ਨੇ ਮਿੰਟਾਂ ਨੂੰ ਮਨਜ਼ੂਰੀ ਦੇਣ ਦਾ ਪ੍ਰਸਤਾਵ ਦਿੱਤਾ

ਸ਼੍ਰੀਮਤੀ ਧੋਥਰ ਨੇ ਵੀ ਪ੍ਰਸਤਾਵ ਦਾ ਸਮਰਥਨ ਕੀਤਾ।

ਸ਼ਾਮ 5:08 ਵਜੇ ਸਾਰੇ ਮੈਂਬਰਾਂ ਦੁਆਰਾ ਹੱਕ ਵਿੱਚ ਪ੍ਰਸਤਾਵ ਪਾਸ ਹੋ ਗਿਆ

**5.** ਅਧਿਕਾਰੀਆਂ, ਸਥਾਈ ਅਤੇ ਵਿਸ਼ੇਸ਼ ਕਮੇਟੀ ਦੀ ਰਿਪੋਰਟ

ਸ੍ਰੀ ਬੰਗੜ ਕੋਲ DELAC ਤੋਂ ਰਿਪੋਰਟ ਕਰਨ ਲਈ ਕੁਝ ਨਹੀਂ ਹੈ।

**6.** ਅਧੂਰਾ ਕਾਰੋਬਾਰ:

ਕੋਈ ਨਹੀਂ (N/A)

ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
ਦੂਜੀ ਤਿਮਾਹੀ ਦੇ ਮਿੰਟ

3/12/2026
ਮੀਟਿੰਗ ਦੀ ਮਿਤੀ

**7.** ਨਵਾਂ ਕਾਰੋਬਾਰ:

ਇੰਗਲਿਸ਼ ਲਰਨਰ ਪ੍ਰੋਗਰਾਮ ਸਮੀਖਿਆ-EL ਕੈਂਪ, ਫੀਲਡ ਟ੍ਰਿਪ, ਅਤੇ iReady ਰੀਟੇਕ:

ਅਸਲ ਵਿੱਚ ਹਾਜ਼ਰ ਹੋਣ ਨਾਲੋਂ ਜ਼ਿਆਦਾ ਵਿਦਿਆਰਥੀ ਰਜਿਸਟਰ ਕਰ ਰਹੇ ਹਨ। ਇਕਸਾਰ ਹਾਜ਼ਰੀ ਅਤੇ ਸਹਾਇਤਾ ਬਣਾਈ ਰੱਖਣ ਲਈ ਮਾਪਿਆਂ ਤੋਂ ਵਾਧੂ ਸਹਾਇਤਾ ਦੀ ਲੋੜ ਹੈ

ਵਿਦਿਆਰਥੀਆਂ ਨੂੰ ELPAC ਲਈ ਤਿਆਰ ਕਰਨ ਲਈ ਸਿਖਾਈਆਂ ਜਾ ਰਹੀਆਂ ਹਦਾਇਤਾਂ ਅਤੇ ਰਣਨੀਤੀਆਂ ਬਾਰੇ ਚਰਚਾ ਕੀਤੀ ਗਈ

ਸੰਭਾਵਤ ਤੌਰ 'ਤੇ ਅਗਲੇ ਸਾਲ ਲਈ ਇੰਗਲਿਸ਼ ਲਰਨਰ ਕੈਂਪ ਵਿੱਚ 7ਵੀਂ ਅਤੇ 8ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜੋੜਿਆ ਜਾ ਸਕਦਾ ਹੈ।

ਗਾਮੇਜ਼-ਇਹ ਇੱਕ ਚੰਗਾ ਨੰਬਰ ਹੈ (EL ਕੈਂਪ ਨੰਬਰ)। ਕੀ ਸਾਰੇ ਪੱਧਰ ਇਕੱਠੇ ਸਨ?

ਮਾਰਟੀਨੇਜ਼: ਸਾਰੇ ਵਿਦਿਆਰਥੀਆਂ ਨੂੰ ਘਰ ਸੱਦੇ ਭੇਜੇ, ਅਤੇ ਉਹਨਾਂ ਖੇਤਰਾਂ ਵਿੱਚ ਜਿਨ੍ਹਾਂ ਵਿੱਚ ਉਹਨਾਂ ਨੂੰ ਸਹਾਇਤਾ ਦੀ ਲੋੜ ਸੀ। ਹਾਂ, ਅਸੀਂ ਸਾਰੇ ਪੱਧਰ ਇਕੱਠੇ ਕੀਤੇ।

ਗਾਮੇਜ਼- DELAC ਵੱਲੋਂ ਸਿਰਫ਼ ਇੱਕ ਸਿਫ਼ਾਰਸ਼, ਅਸੀਂ ਵਿਦਿਆਰਥੀ ਪੱਧਰਾਂ ਨੂੰ ਸੰਬੋਧਿਤ ਕਰਨ ਅਤੇ ਬਰਾਬਰ ਹਦਾਇਤਾਂ ਬਾਰੇ ਇੱਕ ਲੰਬੀ ਮੀਟਿੰਗ ਕੀਤੀ। ਅਸੀਂ LTELS ਬਾਰੇ ਗੱਲ ਕੀਤੀ, ਕੀ ਉਹਨਾਂ ਨੂੰ ਵੀ ਇਸ ਸਮੂਹ ਵਿੱਚ ਸ਼ਾਮਲ ਕੀਤਾ ਗਿਆ ਸੀ? ਹਾਂ ਉਹ ਸਨ। ਸਾਨੂੰ LTELS ਨਾਲ ਰਣਨੀਤਕ ਅਤੇ ਵਿਭਿੰਨ ਹਦਾਇਤਾਂ ਨਾਲ ਨਜਿੱਠਣ ਦੀ ਜ਼ਰੂਰਤ ਹੈ।

ਮਾਰਟੀਨੇਜ਼- ਸ਼ਾਇਦ ਅਗਲੇ ਸਾਲ ਅਸੀਂ ਕੈਂਪ ਵਿੱਚ 8ਵੀਂ ਅਤੇ 7ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ਼ਾਮਲ ਕਰ ਸਕਦੇ ਹਾਂ?

ਗਾਮੇਜ਼- ਸਾਨੂੰ ਸਾਰੇ ਵਿਦਿਆਰਥੀਆਂ ਲਈ ਇਹ ਰੁਬਰਿਕਸ ਰੱਖਣ ਦੀ ਜ਼ਰੂਰਤ ਹੈ, ਅਤੇ ਇਹ ਗੱਲਬਾਤ ਸਾਰੇ ਵਿਸ਼ਿਆਂ ਲਈ ਹੋਣੀ ਚਾਹੀਦੀ ਹੈ

ਸ਼੍ਰੀਮਤੀ ਚੋਪੜਾ- ਕੀ ਸਾਡੇ ਕੋਲ EL ਕੈਂਪਾਂ ਵਿੱਚ ਸ਼ਾਮਲ ਹੋਏ ਇਹਨਾਂ ਵਿਦਿਆਰਥੀਆਂ ਅਤੇ ਉਹਨਾਂ ਦੇ ਨਤੀਜਿਆਂ ਬਾਰੇ ਡੇਟਾ ਹੈ?

ਮਾਰਟੀਨੇਜ਼ – ਹਾਂ, ਅਸੀਂ ਉਸ ਡੇਟਾ ਤੱਕ ਪਹੁੰਚ ਕਰ ਸਕਦੇ ਹਾਂ। ਸਾਨੂੰ 2025 ਦੀ ਕਲਾਸ ਲਈ ਡੇਟਾ ਪ੍ਰਾਪਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ; 2026 ਦੀ ਕਲਾਸ ਲਈ, ਡੇਟਾ ਚੌਥੀ ਤਿਮਾਹੀ ਤੱਕ ਉਪਲਬਧ ਨਹੀਂ ਹੋ ਸਕਦਾ, ਪਰ ਇਸਨੂੰ ਪਹਿਲਾਂ ਪ੍ਰਾਪਤ ਕਰਨ ਦੀ ਸੰਭਾਵਨਾ ਹੈ।

ਗਾਮੇਜ਼ – 80 ਵਿੱਚੋਂ ਸਿਰਫ਼ 60 ਵਿਦਿਆਰਥੀ ਹਾਜ਼ਰ ਹੋਏ? ਕੀ ਕੋਈ ਫੀਸ ਲਈ ਗਈ ਸੀ?

ਮਾਰਟੀਨੇਜ਼ – ਕੋਈ ਫੀਸ ਨਹੀਂ ਲਈ ਗਈ। ਹਾਂ, ਸਿਰਫ਼ 60 ਵਿਦਿਆਰਥੀਆਂ ਨੇ ਹਾਜ਼ਰ ਹੋਣ ਵਿੱਚ ਦਿਲਚਸਪੀ ਦਿਖਾਈ ਕਿਉਂਕਿ ਦੂਜੇ ਵਿਦਿਆਰਥੀਆਂ ਦੇ ਮਾਪਿਆਂ ਨੇ ਸਹਿਮਤੀ ਫਾਰਮ ਜਮ੍ਹਾਂ ਨਹੀਂ ਕਰਵਾਏ ਸਨ। ਸਾਡੇ ਸਲਾਹਕਾਰਾਂ ਨੇ ਇਨ੍ਹਾਂ ਵਿਦਿਆਰਥੀਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਹਾਜ਼ਰ ਹੋਣ ਲਈ ਉਤਸ਼ਾਹਿਤ ਕੀਤਾ।

ਐਂਗੁਆਨੋ (ਮਾਤਾ-ਪਿਤਾ) – ਮੈਂ ਗਿਆ, ਅਤੇ ਮੈਨੂੰ ਇਹ ਬਹੁਤ ਫਲਦਾਇਕ ਵੀ ਲੱਗਿਆ। ਹਾਲਾਂਕਿ, ਮੈਨੂੰ ਲੱਗਦਾ ਹੈ ਕਿ ਬੱਚਿਆਂ ਨੂੰ ਹੋਰ ਸਮੇਂ ਦੀ ਲੋੜ ਸੀ। ਪ੍ਰਯੋਗਾਂ ਦੀ ਗਤੀ ਬਹੁਤ ਤੇਜ਼ ਸੀ, ਜਿਸ ਕਾਰਨ ਬੱਚਿਆਂ ਲਈ ਧਿਆਨ ਕੇਂਦਰਿਤ ਕਰਨਾ ਮੁਸ਼ਕਲ ਹੋ ਗਿਆ।

ਵੈਂਗ – ਪ੍ਰਬੰਧਕਾਂ ਨੇ ਸਾਨੂੰ ਨੋਟਸ ਲੈਣ ਲਈ ਕਿਹਾ, ਪਰ ਸਾਨੂੰ ਸਿਰਫ਼ 15 ਮਿੰਟ ਦਿੱਤੇ। ਅਸਲ ਵਿੱਚ, ਮੈਂ ਸਾਰਿਆਂ ਨੂੰ ਇਹ ਦੱਸਣ ਦਾ ਫੈਸਲਾ ਕੀਤਾ ਕਿ ਨੋਟਸ ਲੈਣਾ ਜ਼ਰੂਰੀ ਨਹੀਂ ਸੀ। ਭਾਵੇਂ ਸਾਰਿਆਂ ਨੇ ਕੁਝ ਨਵੀਆਂ ਗੱਲਾਂ ਸਿੱਖੀਆਂ, ਪਰ ਸਾਰੀ ਪ੍ਰਕਿਰਿਆ ਕੁਝ ਜਲਦਬਾਜ਼ੀ ਵਾਲੀ ਮਹਿਸੂਸ ਹੋਈ।

ਮਾਰਟੀਨੇਜ਼-ਇਹ ਬਹੁਤ ਵਧੀਆ ਫੀਡਬੈਕ ਹੈ, ਅਸੀਂ ਆਪਣੇ ਫੀਲਡ ਟ੍ਰਿਪਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਕਰੀਅਰ 'ਤੇ ਕੇਂਦ੍ਰਿਤ ਕੁਝ ਕਰਨਾ ਚਾਹੁੰਦੇ ਹਾਂ।

ਹਾਜ਼ਰੀ ਵਿੱਚ ਸੁਧਾਰ ਕਰਨਾ ਅਗਲੇ ਸਾਲ ਲਈ ਸਾਡੇ ਟੀਚਿਆਂ ਵਿੱਚੋਂ ਇੱਕ ਹੋਵੇਗਾ।

ਜਿਹੜੇ ਵਿਦਿਆਰਥੀ ਸਕੂਲ ਪੈਦਲ ਜਾਣ ਕਰਕੇ ਦੇਰ ਨਾਲ ਆਉਂਦੇ ਹਨ, ਉਨ੍ਹਾਂ ਦੇ ਮਾਪੇ ਇਸ ਬਾਰੇ ਜਾਣਕਾਰੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਰਿਵਾਰਾਂ ਅਤੇ ਬੱਚਿਆਂ ਨੂੰ ਹਾਜ਼ਰੀ ਵਿੱਚ ਸੁਧਾਰ ਕਰਨ ਲਈ ਕਿਵੇਂ ਮਾਰਗਦਰਸ਼ਨ ਕਰਨਾ ਹੈ।

ਇਹ ਜ਼ਿਲ੍ਹੇ ਅਤੇ ਇੱਥੋਂ ਤੱਕ ਕਿ ਰਾਜ ਭਰ ਵਿੱਚ ਇੱਕ ਵਿਆਪਕ ਅਤੇ ਚਿੰਤਾਜਨਕ ਮੁੱਦਾ ਹੈ।

ਐਂਗੁਆਨੋ (ਮਾਤਾ-ਪਿਤਾ ਪ੍ਰਤੀਨਿਧੀ) – ਜ਼ਿਆਦਾਤਰ ਵਿਦਿਆਰਥੀਆਂ ਲਈ ਜੋ ਸਕੂਲੀ ਸਾਲ ਦੌਰਾਨ ਪੂਰਾ ਸਮਾਂ ਸਕੂਲ ਜਾਂਦੇ ਹਨ, ਕੀ ਅਸੀਂ ਉਨ੍ਹਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਸਿਰਫ਼ ਇੱਕ ਸਰਟੀਫਿਕੇਟ ਦੀ ਬਜਾਏ ਉਨ੍ਹਾਂ ਦੇ ਮਨਪਸੰਦ ਕਾਰੋਬਾਰਾਂ ਤੋਂ ਗਿਫਟ ਕਾਰਡਾਂ ਨਾਲ ਇਨਾਮ ਦੇਣ ਬਾਰੇ ਵਿਚਾਰ ਕਰ ਸਕਦੇ ਹਾਂ?

## ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
## ਦੂਜੀ ਤਿਮਾਹੀ ਦੇ ਮਿੰਟ

3/12/2026
ਮੀਟਿੰਗ ਦੀ ਮਿਤੀ

**7.a** ਨਵਾਂ ਕਾਰੋਬਾਰ, ਜਾਰੀ..

ਮਾਰਟੀਨੇਜ਼-ਸਕੂਲ ਬੱਚਿਆਂ ਨੂੰ ਬਿਮਾਰ ਹੋਣ 'ਤੇ ਸਕੂਲ ਆਉਣ ਲਈ ਉਤਸ਼ਾਹਿਤ ਕਰਨ ਤੋਂ ਬਚਣ ਲਈ ਇਨਾਮ ਦੇਣ ਤੋਂ ਪਿੱਛੇ ਹਟ ਗਿਆ ਹੈ। ਹੋ ਸਕਦਾ ਹੈ ਕਿ ਅਸੀਂ ਇਹ ਹਰ ਮਹੀਨੇ ਕਰ ਸਕਦੇ ਹਾਂ ਅਤੇ ਦੇਖ ਸਕਦੇ ਹਾਂ ਕਿ ਸਾਡੀ ਹੱਦ ਕੀ ਹੈ। ਜੇਕਰ ਤੁਹਾਡਾ ਬੱਚਾ ਬਿਮਾਰ ਹੈ ਤਾਂ ਉਸਨੂੰ ਘਰ ਰੱਖੋ, ਪਰ ਅਸੀਂ ਸੰਭਵ ਤੌਰ 'ਤੇ ਇਨਾਮ ਦੇ ਸਕਦੇ ਹਾਂ।
ਗਾਮੇਜ਼- ਸਾਨੂੰ ਮਾਪਿਆਂ ਨੂੰ ਹਾਜ਼ਰੀ ਵਧਾਉਣ ਲਈ ਘਰ ਵਿੱਚ ਵਰਤਣ ਲਈ ਰਣਨੀਤੀਆਂ ਸਿਖਾਉਣ ਦੀ ਲੋੜ ਹੈ, ਕੁਝ ਮਾਪੇ ਨਹੀਂ ਜਾਣਦੇ ਕਿ ਉਹ ਘਰ ਵਿੱਚ ਕੀ ਨਤੀਜੇ ਲਾਗੂ ਕਰ ਸਕਦੇ ਹਨ। ਕਿਰਪਾ ਕਰਕੇ ਕੁਝ ਵਧੀਆ ਅਭਿਆਸ ਸਾਂਝੇ ਕਰੋ।
ਗਾਮੇਜ਼ - ਬਾਕੀ ਸਟਾਫ ਬਾਰੇ ਤੁਹਾਡੇ ਕੀ ਵਿਚਾਰ ਹਨ? ਕੀ ਇਸ ਵੇਲੇ ਕੋਈ ਸਟਾਫ ਟਰਨਓਵਰ ਹੈ?
ਮਾਰਟੀਨੇਜ਼- ਮੈਨੂੰ ਇਹਦੇ ਬਾਰੇ ਜਿਆਦਾ ਨਹੀਂ ਪਤਾ ਮੈਂ ਸਿਰਫ਼ ਕੁਝ ਰਿਟਾਇਰਮੈਂਟਾਂ ਤੋਂ ਜਾਣੂ ਹਾਂ।
EL (ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ) ਦੀ ਗਿਣਤੀ
ਰੀਡਿੰਗ ਇੰਟਰਵੈਂਸ਼ਨ ਅਧਿਆਪਕ EL ਸਿਖਿਆਰਥੀਆਂ ਨਾਲ ਵੀ ਕੰਮ ਕਰ ਰਿਹਾ ਹੈ।
ਕੁੱਲ 34 ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਨੂੰ ELD ਪਾਠਕ੍ਰਮ ਤੋਂ ਇਲਾਵਾ ਵਾਧੂ ਸਹਾਇਤਾ ਪ੍ਰਾਪਤ ਹੋ ਰਹੀ ਹੈ।
ਅੰਤਰਿਮ ELPAC ਡੇਟਾ ਨੂੰ ਵੱਖ ਕੀਤਾ ਗਿਆ ਹੈ ਅਤੇ ਹਦਾਇਤ ਦੌਰਾਨ ELs ਦਾ ਸਮਰਥਨ ਕਰਨ ਲਈ ਮੁੱਖ ਅਧਿਆਪਕਾਂ ਨਾਲ ਸਾਂਝਾ ਕੀਤਾ ਗਿਆ ਹੈ।
SARCS ਦੀ ਸਮੀਖਿਆ
ਹੋਮ ਸਕੂਲ ਕੰਪੈਕਟ
ਮਾਰਟੀਨੇਜ਼- ਅਸੀਂ ਆਪਣੇ ਹੋਮ ਸਕੂਲ ਕੰਪੈਕਟ ਲਈ ਇਨਪੁਟ ਚਾਹੁੰਦੇ ਹਾਂ। ਅਗਲੇ ਸਕੂਲ ਸਾਲ ਵਿੱਚ, ਅਸੀਂ ਇਸਦੀ ਹੋਰ ਵਰਤੋਂ ਕਰਨਾ ਚਾਹੁੰਦੇ ਹਾਂ ਅਤੇ ਸਾਡੇ ਕੋਲ ਜੋ ਵੀ ਵਿਚਾਰ ਹਨ, ਉਨ੍ਹਾਂ ਨੂੰ ਲੈਣਾ ਚਾਹੁੰਦੇ ਹਾਂ। ਅਸੀਂ ਅਗਲੀ ਮੀਟਿੰਗ ਵਿੱਚ ਤਬਦੀਲੀਆਂ ਨੂੰ ਮਨਜ਼ੂਰੀ ਦੇਵਾਂਗੇ।
ਵੈਂਗ-ਸ਼ਾਇਦ ਸਾਨੂੰ ਸਕੂਲ, ਸਟਾਫ, ਪਰਿਵਾਰ ਅਤੇ ਹੋਰ ਵਿਦਿਆਰਥੀਆਂ ਲਈ ਸਤਿਕਾਰ ਜੋੜਨ ਦੀ ਲੋੜ ਹੈ ਜਾਂ ਇਸਨੂੰ ਇੱਕ ਮੌਜੂਦਾ ਭਾਗ (ਜੋੜ) ਵਿੱਚ ਜੋੜਨ ਦੀ ਲੋੜ ਹੈ ਜੋ ਸਕੂਲ, ਸਟਾਫ, ਵਿਅਕਤੀਗਤ ਤੌਰ 'ਤੇ ਅਤੇ ਤਕਨਾਲੋਜੀ ਦੀ ਵਰਤੋਂ ਕਰਦੇ ਸਮੇਂ ਸਤਿਕਾਰ ਕਰਦਾ ਹੈ"
ਚੋਪੜਾ- ਅਸਾਈਨਮੈਂਟਾਂ ਨੂੰ ਸਮੇਂ ਸਿਰ ਜਾਂ ਇੱਕ ਖਾਸ ਸਮਾਂ ਸੀਮਾ ਵਿੱਚ ਪੂਰਾ ਕੀਤਾ ਜਾਣਾ ਚਾਹੀਦਾ ਹੈ।.
ਵਾਂਗ—"ਮਾਪਿਆਂ ਦੀ ਵਚਨਬੱਧਤਾ" ਭਾਗ ਦੇ ਸੰਬੰਧ ਵਿੱਚ, ਪੰਜਵਾਂ ਚੈੱਕਬਾਕਸ "ਮੇਰੇ ਬੱਚੇ ਦੀ ਅਕਾਦਮਿਕ ਪ੍ਰਗਤੀ ਦੀ ਨਿਗਰਾਨੀ" ਹੈ। ਅਸੀਂ ਇਹ ਕਿਵੇਂ ਪੁਸ਼ਟੀ ਕਰ ਸਕਦੇ ਹਾਂ ਕਿ ਮਾਪਿਆਂ ਕੋਲ ਅਸਲ ਵਿੱਚ ਢੁਕਵੇਂ ਪਹੁੰਚ ਅਧਿਕਾਰ ਹਨ ਜਾਂ ਨਹੀਂ?
ਮਾਰਟੀਨੇਜ਼- ਕਰੀਨਾ ਸਾਲ ਦੀ ਸ਼ੁਰੂਆਤ ਵਿੱਚ ਤਕਨਾਲੋਜੀ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ ਅਤੇ ਲੋੜ ਅਨੁਸਾਰ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ
ਵੈਂਗ- ਕੀ ਸਕੂਲ ਡਿਸਟ੍ਰਿਕਟ ਦੇਖ ਸਕਦਾ ਹੈ ਕਿ ਕਿਹੜੇ ਮਾਪੇ ਪੇਰੈਂਟ ਸਕੁਏਅਰ ਖੋਲ੍ਹ ਰਹੇ ਹਨ ਅਤੇ ਵਰਤ ਰਹੇ ਹਨ?
ਮਾਰਟੀਨੇਜ਼—ਮੈਂ ਪੇਰੈਂਟ ਸਕੁਏਅਰ ਅਤੇ ਏਰੀਜ਼ ਸਿਸਟਮ ਤੱਕ ਪਹੁੰਚ ਲਈ ਸਮਾਂ-ਸੀਮਾਵਾਂ ਦੀ ਇੱਕ ਸੂਚੀ ਤਿਆਰ ਕਰ ਸਕਦੀ ਹਾਂ।
ਕਰੀਨਾ- ਮੈਂ ਮਾਪਿਆਂ ਨੂੰ ਲੌਗਇਨ ਕਰਨ ਅਤੇ ਏਰੀਜ਼ ਤੱਕ ਐਕਸੈਸ ਕਰਨ ਵਿੱਚ ਮਦਦ ਕਰਦੀ ਹਾਂ। ਬਹੁਤ ਸਾਰੇ ਲੋਕਾਂ ਨੂੰ ਹੋ ਸਕਦਾ ਹੈ ਕਿ ਉਨ੍ਹਾਂ ਦੇ ਪਾਸਵਰਡ ਅਤੇ ਇਸ ਤਰ੍ਹਾਂ ਦੇ ਹੋਰ ਵੀ ਬਹੁਤ ਕੁਝ ਪਤਾ ਨਾ ਹੋਵੇ।
ਗਾਮੇਜ਼- ਅਸੀਂ ਹਾਈ ਸਕੂਲ ELAC (ਅੰਗਰੇਜ਼ੀ ਭਾਸ਼ਾ ਸਲਾਹਕਾਰ ਕਮੇਟੀ) ਦੀ ਮੀਟਿੰਗ ਵਿੱਚ ਇਸ ਬਾਰੇ ਚਰਚਾ ਕੀਤੀ ਸੀ ਪ੍ਰਿੰਸੀਪਲ ਦੁਆਰਾ ਪੇਸ਼ ਕੀਤੇ ਗਏ ਡੇਟਾ ਨੇ ਦਿਖਾਇਆ ਕਿ ਪਿਛਲੇ ਸਾਲ ਤੱਕ, Ds ਅਤੇ Fs ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ 58% ਤੱਕ ਸੀ, ਪਰ ਉਦੋਂ ਤੋਂ ਇਹ ਘਟ ਕੇ 34% ਰਹਿ ਗਈ ਹੈ। ਮੇਰੇ ਤਜਰਬੇ ਵਿੱਚ, ਇੱਕ ਵਾਰ Ds ਅਤੇ Fs 'ਤੇ ਸਖ਼ਤ ਨਿਯੰਤਰਣ ਲਾਗੂ ਹੋਣ ਤੋਂ ਬਾਅਦ, ਵਿਦਿਆਰਥੀ ਗ੍ਰੇਡ ਅਕਸਰ ਬਦਲ ਜਾਂਦੇ ਹਨ।ਮੇਰਾ ਸੁਨੇਹਾ ਮਾਪਿਆਂ ਨੂੰ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਟੈਸਟ ਅਤੇ ਕੰਮ ਉਨ੍ਹਾਂ ਦੀ ਗਰੇਡਿੰਗ ਦੇ ਨਾਲ ਮੇਲ ਖਾਂਦੇ ਹਨ।
ਮਾਰਟੀਨੇਜ਼- ਗ੍ਰੇਡ ਮਿਆਰੀ ਮੁਹਾਰਤ ਦੀ ਇੱਕ ਸਹੀ ਪ੍ਰਤੀਨਿਧਤਾ ਹਨ, ਇਸ ਲਈ ਇਹ ਯਕੀਨੀ ਬਣਾਉਣ ਲਈ ਕਿ ਵਿਦਿਆਰਥੀ A ਪ੍ਰਾਪਤ ਕਰ ਰਹੇ ਹਨ ਕਿਉਂਕਿ ਉਹ ਮੁਹਾਰਤ ਦਿਖਾ ਰਹੇ ਹਨ।
ਗਾਮੇਜ਼- ਇੱਕ ਗੱਲ ਜਿਸਦਾ ਜ਼ਿਕਰ ਕਰਨਾ ਜ਼ਰੂਰੀ ਹੈ ਉਹ ਇਹ ਹੈ ਕਿ ਅਧਿਆਪਕ ਵਿਭਿੰਨ ਹਦਾਇਤਾਂ ਨੂੰ ਲਾਗੂ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ।
ਮਾਰਟੀਨੇਜ਼- ਮੈਂ ਇਸ ਬਾਰੇ ਕੀ ਕਹਾਂਗਾ, ਇਹ ਉਹ ਚੀਜ਼ ਹੈ ਜਿਸ ਵਿੱਚੋਂ ਸਟਾਫ ਨੂੰ ਲੰਘਣਾ ਪੈਂਦਾ ਹੈ, ਅਤੇ ਫਿਰ ਇਸਦਾ ਕੀ ਅਰਥ ਹੈ ਇਸ ਬਾਰੇ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਹਨਾਂ ਨੂੰ ਇਸ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

**7b.** ਨਵਾਂ ਕਾਰੋਬਾਰ, ਜਾਰੀ..

ਗਾਮੇਜ਼- ਇਹ ਚੰਗਾ ਰਹੇਗਾ, ਉਹ ਗੱਲਬਾਤ ਹੋਣੀ ਚਾਹੀਦੀ ਹੈ ਅਤੇ ਸਾਰੀਆਂ ਕਲਾਸਾਂ ਵਿੱਚ ਗਰੇਡਿੰਗ ਸਕੇਲ ਵਿਭਿੰਨਤਾ 'ਤੇ ਚਰਚਾ ਕਰਨੀ ਚਾਹੀਦੀ ਹੈ। (ਹਰੇਕ ਕਲਾਸ ਵਿੱਚ ਪ੍ਰਤੀਸ਼ਤਤਾ ਵੰਡ)
ਮਾਪਿਆਂ ਦੀ ਸ਼ਮੂਲੀਅਤ ਨੀਤੀ
ELPAC ਲਈ ਮਾਪਿਆਂ ਦੀ ਸਿੱਖਿਆ ਦੇ ਮੌਕੇ ਸ਼ਾਮਲ ਕਰੋ
ਮਾਰਟੀਨੇਜ਼ – ਮੈਂ ਇਸ ਮੁੱਦੇ ਨੂੰ ਸਕੂਲ ਸਲਾਹਕਾਰ ਕਮੇਟੀ (SSC) ਨੂੰ ਚਰਚਾ ਲਈ ਪੇਸ਼ ਕਰਾਂਗਾ। ਕੀ ਸਾਨੂੰ ਮਾਪਿਆਂ ਦੀ ਸ਼ਮੂਲੀਅਤ ਨੀਤੀ ਸੰਬੰਧੀ ਕੁਝ ਜੋੜਨ ਦੀ ਲੋੜ ਹੈ?
ਵੈਂਗ- ਸਾਨੂੰ ਆਪਣੇ ਮਾਪਿਆਂ ਨੂੰ ਇਹ ਸਿਖਾਉਣ ਦੀ ਜ਼ਰੂਰਤ ਹੈ ਕਿ ਆਪਣੇ ਬੱਚੇ ਦੇ ਗ੍ਰੇਡ ਕਿਵੇਂ ਚੈੱਕ ਕਰਨੇ ਹਨ ਅਤੇ ਇਹ ਸਮਝਣਾ ਹੈ ਕਿ ਉਨ੍ਹਾਂ ਨੇ ਉਹ ਗ੍ਰੇਡ ਕਿਵੇਂ ਪ੍ਰਾਪਤ ਕੀਤਾ। ਇਹ ਮਾਪਿਆਂ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਵੀ ਸਮਝਾਉਣ ਦੀ ਜ਼ਰੂਰਤ ਹੈ। ਹੋ ਸਕਦਾ ਹੈ ਕਿ ਅਸੀਂ ਗਰੇਡਿੰਗ/ਗ੍ਰੇਡਬੁੱਕ SPSA ਦੀ ਸਮਝ ਸ਼ਾਮਲ ਕਰ ਸਕੀਏ।
iReady ਵਿੱਚ ਤਰੱਕੀ ਕਰਨ ਵਾਲੇ ਵਿਦਿਆਰਥੀਆਂ ਲਈ ਇਨਾਮ ਅਤੇ ਪ੍ਰੋਤਸਾਹਨ
ਮਾਰਟੀਨੇਜ਼- ਅਗਲੇ ਸਾਲ ਦੇ ਬਜਟ ਲਈ ਕੁਝ ਤਰਜੀਹਾਂ ਕੀ ਹਨ, ਖਾਸ ਕਰਕੇ ELs ਲਈ? ਮੌਜੂਦਾ ਵਿਚਾਰ- ਹਾਜ਼ਰੀ ਲਈ ਪੁਰਸਕਾਰ, ਮਾਪਿਆਂ ਨੂੰ ਹਾਜ਼ਰੀ ਨੂੰ ਬਿਹਤਰ ਬਣਾਉਣ ਲਈ ਰਣਨੀਤੀਆਂ ਸਿੱਖਣ ਵਿੱਚ ਮਦਦ ਕਰਨ ਦੇ ਤਰੀਕੇ, ਮੁੱਖ ਅਧਿਆਪਕਾਂ ਨੂੰ ਨਵੇਂ ਆਏ ELs ਨੂੰ ਸੋਧਣ ਅਤੇ ਸਮਰਥਨ ਕਰਨ ਵਿੱਚ ਮਦਦ ਕਰਨਾ।
ਵੈਂਗ- ਕੀ ਅਸੀਂ ਫੀਲਡ ਟ੍ਰਿਪਾਂ ਲਈ ਪੈਸੇ ਵਧਾ ਸਕਦੇ ਹਾਂ?
ਗਾਮੇਜ਼- ਕੀ ਤੁਸੀਂ ਇਸ ਬਾਰੇ ਇੱਕ ਨੋਟ ਲਿਖ ਸਕਦੇ ਹੋ ਕਿ ਅਸੀਂ ਮਾਪਿਆਂ ਅਤੇ ਅਧਿਆਪਕਾਂ ਨੂੰ ਕਿਵੇਂ ਸਿਖਲਾਈ ਦੇ ਸਕਦੇ ਹਾਂ ਕਿ ਵੱਖ-ਵੱਖ ਸਭਿਆਚਾਰਾਂ ਦੁਆਰਾ ਘਰ ਵਿੱਚ ਕੀਤੀਆਂ ਜਾਣ ਵਾਲੀਆਂ ਰੋਜ਼ਾਨਾ ਦੀਆਂ ਚੀਜ਼ਾਂ ਨੂੰ ਕਿਵੇਂ ਵਰਤਣਾ ਹੈ ਅਤੇ ਮਾਪੇ ਆਪਣੇ ਘਰ ਵਿੱਚ ਲਿਆਉਂਦੇ ਹਨ ਉਹਨਾਂ ਨੂੰ ਉਹਨਾਂ ਦੇ ਸੱਭਿਆਚਾਰ ਵਿੱਚ ਕਿਵੇਂ ਲਾਗੂ ਕਰਨਾ ਹੈ ਅਤੇ ਉਹ ਮਿਆਰ ਨਾਲ ਕਿਵੇਂ ਜੁੜਦੇ ਹਨ। ਉਦਾਹਰਣ ਵਜੋਂ (ਅੰਗਰੇਜ਼ੀ ਵਿੱਚ ਆਰਡਰ ਕਰਨਾ, ਸਪੈਨਿਸ਼ ਵਿੱਚ ਟੌਰਟਿਲਾ ਬਣਾਉਣਾ)। ਬਹੁਤ ਸਾਰੇ ਅਧਿਆਪਕਾਂ ਨੂੰ ਇਸ ਵਿੱਚ ਸਿਖਲਾਈ ਦੀ ਲੋੜ ਹੁੰਦੀ ਹੈ।
ਯੋਥਰ- ਲਾਖਣਿਕ ਭਾਸ਼ਾ ਇੱਕ ਤਰੀਕਾ ਹੈ ਜਿਸ ਨਾਲ ਅਸੀਂ ELA ਵਿੱਚ ਅਜਿਹਾ ਕਰਦੇ ਹਾਂ, ਅਤੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰਾਂ ਤੋਂ ਉਦਾਹਰਣਾਂ ਸਾਂਝੀਆਂ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

LCAP ਅੱਪਡੇਟ
ਸਕੂਲ ਯੋਜਨਾ
ਜ਼ਿਲ੍ਹਾ ਟੀਚਾ ਸਰਵੇਖਣ
ਗਾਮੇਜ਼- LCAP ਮੀਟਿੰਗ ਲਈ ਕਿੰਨੀ ਵੋਟਿੰਗ ਹੋਈ?
ਮਾਰਟੀਨੇਜ਼- ਲਗਭਗ 20।

**8.** ਜਨਤਕ ਟਿੱਪਣੀ

ਗਾਮੇਜ਼- ਮੈਂ ਸਿਰਫ਼ ਇਹ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਅਸੀਂ DELAC ਵਿਖੇ ਆਪਣੇ ਨਵੇਂ ਸੁਪਰਵਾਈਜ਼ਰ ਤੋਂ ਬਹੁਤ ਖੁਸ਼ ਹਾਂ, ਅਤੇ ਇਸ ਮੌਕੇ ਤੋਂ ਬਹੁਤ ਖੁਸ਼ ਹਾਂ ਕਿ ਉਹ ਬੋਲ ਸਕਦੇ ਹਨ ਅਤੇ ਸਾਂਝਾ ਕਰ ਸਕਦੇ ਹਨ। ਅਸੀਂ ਇਸ ਬਾਰੇ ਬਹੁਤ ਗੱਲ ਕਰ ਰਹੇ ਹਾਂ ਕਿ ਅਸੀਂ ਸਟਾਫ, ਭਾਈਚਾਰੇ ਅਤੇ ਵਿਦਿਆਰਥੀਆਂ ਦਾ ਸਮਰਥਨ ਕਿਵੇਂ ਕਰ ਸਕਦੇ ਹਾਂ। ਸਾਡੀ ਬਹੁਤ ਸਾਰੀ ਗੱਲਬਾਤ ਹੋਈ ਹੈ ਕਿ ਜਦੋਂ ਸਾਡਾ DELAC ਇਹਨਾਂ ਮੀਟਿੰਗਾਂ ਵਿੱਚ ਵਾਪਸ ਆਉਂਦਾ ਹੈ, ਤਾਂ ਉਹ ਪੁੱਛਦੇ ਹਨ ਕਿ ਤੁਹਾਡੇ ਸਕੂਲ ਦੀਆਂ ਕੀ ਜ਼ਰੂਰਤਾਂ ਹਨ, ਅਤੇ ਅਸੀਂ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਚਿੰਤਾਵਾਂ ਕੀ ਹਨ, ਇਹ ਸੁਣਨਾ ਚਾਹੁੰਦੇ ਹਾਂ। ਅਸੀਂ ਆਪਣੇ ELs ਲਈ ਬਹੁਤ ਬਦਲਾਅ ਅਤੇ ਹਦਾਇਤਾਂ ਦੇਖ ਰਹੇ ਹਾਂ।

ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
ਦੂਜੀ ਤਿਮਾਹੀ ਦੇ ਮਿੰਟ

3/12/2026
ਮੀਟਿੰਗ ਦੀ ਮਿਤੀ

**9.ਮੁਲਾਂਕਣ/ਮੁਲਤਵੀ:**

ਮੁਲਤਵੀ:

ਮੁਲਾਂਕਣ ਪੂਰਾ ਕਰਨ ਲਈ QR ਕੋਡ ਨੂੰ ਸਕੈਨ ਕਰੋ

ਹੈਂਡਆਉਟਸ ਦੀ ਸੂਚੀ (ਜੇਕਰ ਕੋਈ ਹੈ)

ਹੋਮ ਸਕੂਲ ਸੰਖੇਪ, ਮਾਪਿਆਂ ਦੀ ਸ਼ਮੂਲੀਅਤ ਨੀਤੀ

ਸਤਿਕਾਰ ਸਹਿਤ ਜਮ੍ਹਾ ਕੀਤਾ ਗਿਆ: ਖੁਸ਼ਮੀਨ ਧੋਥਰ

ਸਿਰਲੇਖ: **ELAC ਸਕੱਤਰ**

ਸਬਮਿਸ਼ਨ/ਸੋਧ ਮਿਤੀ: **3/13/2026**

ਮਨਜਿੰਦਰ ਸੇਖੋਂ
ਅਨੁਵਾਦਕ:

3/19/2026
ਟ੍ਰਾਂਸਲੇਟ ਕਰਨ ਦੀ ਮਿਤੀ